# *LGBTQ* ਬੱਚਿਆਂ ਅਤੇ ਨੌਜਵਾਨਾਂ ਦੇ ਕੁਸ਼ਲ ਭਵਿੱਖ ਦੇ ਨਿਰਮਾਣ ਲਈ
# **Family Acceptance Project®(ਪਰਿਵਾਰਕ ਸਵੀਕ੍ਰਿਤੀ ਪ੍ਰੋਜੈਕਟ) ਦੇ ਪੋਸਟਰ**

**https://familyproject.sfsu.edu/**

**Family Acceptance Project® (FAP)** (ਪਰਿਵਾਰਕ ਸਵੀਕ੍ਰਿਤੀ ਪ੍ਰੋਜੈਕਟ) ਨੇ ਪਰਿਵਾਰ ਦੇ ਮੈਂਬਰਾਂ, ਚਿਕਿਤਸਕਾਂ, ਧਾਰਮਿਕ ਆਗੂਆਂ, LGBTQ ਨੌਜਵਾਨਾਂ ਤੇ ਹੋਰ ਲੋਕਾਂ ਨੂੰ ਸਿੱਖਿਅਤ ਕਰਨ ਲਈ ਨਵੇਂ ਸ਼ੋਧ-ਅਧਾਰਿਤ ਪੋਸਟਰ ਪ੍ਰਕਾਸ਼ਿਤ ਕੀਤੇ ਹਨ, ਹੋ LGBTQ ਬੱਚਿਆਂ ਅਤੇ ਨੌਜਵਾਨਾਂ ਨੂੰ ਆਤਮਘਾਤ ਅਤੇ ਹੋਰ ਗੰਭੀਰ ਸਿਹਤ ਸੰਬੰਧੀ ਨਤੀਜਿਆਂ ਨੂੰ ਰੋਕਣ ਅਤੇ ਸਿਹਤਮੰਦ ਭਵਿੱਖ ਬਣਾਉਣ ਵਿੱਚ, ਪਰਿਵਾਰ ਦੇ ਸਮਰਥਨ ਦੀ ਖਾਸ ਭੂਮਿਕਾ ਬਾਰੇ ਦੱਸਦੇ ਹਨ।

ਇਹ ਪੋਸਟਰ ਸਾਰੇ ਹਾਲਤਾਂ ਵਿਚ ਵਰਤੇ ਜਾਣ ਲਈ ਤਿਆਰ ਕੀਤੇ ਗਏ ਹਨ:

- ਜਨਤਾ, ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ, ਚਿਕਿਤਸਕਾਂ, ਧਾਰਮਿਕ ਆਗੂਆਂ ਅਤੇ LGBTQ ਨੌਜਵਾਨਾਂ ਨੂੰ ਸਿੱਖਿਅਤ ਕਰਨ ਲਈ ਕਿ ਪਰਿਵਾਰਕ ਸਵੀਕ੍ਰਿਤੀ ਅਤੇ ਅਸਵੀਕ੍ਰਿਤੀ ਦਾ LGBTQ ਬੱਚਿਆਂ ਅਤੇ ਨੌਜਵਾਨਾਂ ਦੀ ਸਿਹਤ ਨਾਲ ਜੁੜੇ ਖ਼ਤਰਿਆਂ ਅਤੇ ਕੁਸ਼ਲਤਾ, ਖਾਸ ਕਰਕੇ ਆਤਮਘਾਤ, ਨਾਲ ਕੀ ਖਾਸ ਸੰਬੰਧ ਹੈ।
- ਪਰਿਵਾਰਾਂ ਲਈ ਸਿੱਖਿਆ ਅਤੇ ਨਿਵਾਰਨ ਦਾ ਸਾਧਨ ਬਣਨ ਲਈ ਤਾਂਕਿ LGBTQ ਬੱਚਿਆਂ ਅਤੇ ਨੌਜਵਾਨਾਂ ਦੇ ਪਰਿਵਾਰ ਅਸਵੀਕ੍ਰਿਤੀ ਘਟਾਕੇ ਉਹਨਾਂ ਲਈ ਜੋਖਮ ਘਟਾ ਸਕਣ ਅਤੇ ਸਵੀਕ੍ਰਿਤੀ ਅਤੇ ਸਮਰਥਨ ਵਧਾਕੇ ਉਹਨਾਂ ਦੀ ਕੁਸ਼ਲਤਾ ਵਧਾ ਸਕਣ।



**ਖੋਜ ਅਧਾਰਤ ਸਿੱਖਿਆਦਾਇਕ ਸੰਸਾਧਨ -** ਇਹ ਪੋਸਟਰ, FAP ਦੇ ਪੀਅਰ-ਸਮੀਖਿਆ ਕੀਤੇ ਅਧਿਐਨਾਂ ਅਤੇ ਜਾਤੀ, ਨਸਲੀ ਅਤੇ ਧਾਰਮਿਕ ਵਿਭਿੰਨਤਾ ਵਾਲੇ ਪਰਿਵਾਰਾਂ ਅਤੇ ਉਨ੍ਹਾਂ ਦੇ LGBTQ ਬੱਚਿਆਂ ਨਾਲ ਪਰਿਵਾਰਕ ਸਮਰਥਨ ਦੇ ਕੀਤੇ ਕੰਮ ਤੋਂ ਪ੍ਰਾਪਤ ਜਾਣਕਾਰੀ ਸਾਂਝੀ ਕਰਦੇ ਹਨ। FAP ਦੀ ਖੋਜ ਨੇ 100 ਤੋਂ ਜ਼ਿਆਦਾ ਖਾਸ ਸਵੀਕ੍ਰਿਤੀ ਅਤੇ ਅਸਵੀਕ੍ਰਿਤੀ ਵਾਲੇ ਵਿਹਾਰਾਂ ਦੀ ਪਛਾਣ ਕੀਤੀ ਹੈ ਜੋ ਮਾਪੇ, ਪਰਿਵਾਰ ਅਤੇ ਦੇਖਭਾਲਕਰਤਾ, LGBTQ ਨੌਜਵਾਨਾਂ ਪ੍ਰਤੀ ਪ੍ਰਤੀਕ੍ਰਿਆ ਕਰਨ ਲਈ ਵਰਤਦੇ ਹਨ। FAP ਦੇ ਖੋਜਾਰਥੀਆਂ ਨੇ ਇਹ ਦਿਖਾਉਣ ਲਈ ਇਨ੍ਹਾਂ ਵਿਹਾਰਾਂ ਨੂੰ ਮਾਪਿਆ ਹੈ ਕਿ ਪਰਿਵਾਰਕ ਅਸਵੀਕ੍ਰਿਤੀ ਵਾਲੇ ਵਿਹਾਰ ਕਿਸ ਤਰ੍ਹਾਂ ਆਤਮਘਾਤੀ ਵਤੀਰੇ, ਡਿਪਰੈਸ਼ਨ, ਨਸ਼ਿਆਂ ਦੀ ਵਰਤੋਂ, ਅਤੇ HIV ਸਮੇਤ ਯੌਨ ਸੰਕ੍ਰਮਕ ਇਨਫੈਕਸ਼ਨਾਂ, ਵਰਗੇ ਗੰਭੀਰ ਸਿਹਤ ਸੰਬੰਧੀ ਜ਼ੋਖਮਾਂ ਵਿਚ ਯੋਗਦਾਨ ਪਾਉਂਦੇ ਹਨ। FAP ਦੀ ਖੋਜ ਇਹ ਵੀ ਦਰਸਾਉਂਦੀ ਹੈ ਕਿ ਪਰਿਵਾਰ ਦੇ ਸਵੀਕ੍ਰਿਤੀ ਵਾਲੇ ਵਿਹਾਰ ਜ਼ੋਖਮ ਵਿਰੁੱਧ ਸੁਰੱਖਿਆ ਵਿਚ ਅਤੇ ਭਲਾਈ ਨੂੰ ਉਤਸ਼ਾਹਤ ਕਰਨ ਵਿਚ ਕਿਵੇਂ ਮਦਦ ਕਰਦੇ ਹਨ। FAP ਦੇ ਹੋਰ ਸਬੂਤ-ਅਧਾਰਤ ਰੋਕਥਾਮਕਾਰੀ ਅਤੇ ਦਾਖਲਾਕਾਰੀ ਸੰਸਾਧਨ, ਜਿਨ੍ਹਾਂ ਵਿਚ ਅਜਿਹੇ ਬਹੁ-ਭਾਸ਼ਾਈ ਪਰਿਵਾਰਕ ਸਿੱਖਿਆ ਕਿਤਾਬਚੇ ਅਤੇ ਵੀਡਿਓਜ਼ ਸ਼ਾਮਲ ਹਨ ਜਿਨ੍ਹਾਂ ਨੂੰ LGBTQ ਨੌਜਵਾਨਾਂ ਲਈ ਆਤਮਘਾਤ ਦੀ ਰੋਕਥਾਮ ਲਈ ਸਭ ਤੋਂ ਵਧੀਆ ਅਭਿਆਸ ਵਾਲੇ ਸੰਸਾਧਨ ਮੰਨਿਆ ਗਿਆ ਹੈ - ਇਹ ਨਵੇਂ ਪੋਸਟਰ ਉਹਨਾਂ ਹੀ ਸੰਸਾਧਨਾਂ ਉੱਤੇ ਅਧਾਰਿਤ ਹਨ।

**ਪੋਸਟਰਾਂ ਦੇ ਵਿਭਿੰਨ ਪ੍ਰਤੀਰੂਪ -** FAP ਨੇ ਪੋਸਟਰਾਂ ਦੇ 3 ਸੰਸਕਰਣਾਂ ਨੂੰ ਅੰਗਰੇਜ਼ੀ ਅਤੇ ਸਪੈਨਿਸ਼ ਵਿਚ ਪ੍ਰਕਾਸ਼ਿਤ ਕੀਤਾ ਹੈ। ਇਨ੍ਹਾਂ ਵਿਚ ਸ਼ਾਮਲ ਹਨ: 1) ਇਕ ਆਮ ਪਰਿਵਾਰਕ ਸਵੀਕ੍ਰਿਤੀ ਸੰਸਕਰਣ; 2) ਇਕ ਪਰਿਵਾਰਕ ਅਸਵੀਕ੍ਰਿਤੀ ਸੰਸਕਰਣ; ਅਤੇ 3) ਇੱਕ ਪਰਿਵਾਰਕ ਸਵੀਕ੍ਰਿਤੀ ਸੰਸਕਰਣ ਜੋ ਪਰੰਪਰਾਵਾਦੀ ਸੈਟਿੰਗ ਵਿੱਚ ਵਰਤਿਆ ਜਾ ਸਕੇ ਕਿਉਂਕਿ ਇਸ ਵਿੱਚ ਡੇਟਿੰਗ ਸੰਬੰਧਿਤ ਪਰਿਵਾਰਕ ਵਿਹਾਰ ਸ਼ਾਮਲ ਨਹੀਂ ਹਨ।

FAMILY ACCEPTANCE PROJECT®
...building healthy futures for youth

FAP ਦੇ ਸ਼ੋਧ ਦਾ ਇਕ ਮੁੱਖ ਨਿਸ਼ਕਰਸ਼ ਇਹ ਹੈ ਕਿ ਇੱਕ ਛੋਟਾ ਜਿਹਾ ਬਦਲਾਵ ਬਹੁਤ ਵੱਡਾ ਅੰਤਰ ਪੈਦਾ ਕਰ ਸਕਦਾ ਹੈ| ਇਸ ਲਈ, ਸੰਘਰਸ਼ ਕਰ ਰਹੇ ਮਾਪੇ ਅਤੇ ਦੇਖਭਾਲਕਰਤਾ ਉਹਨਾਂ ਨਕਾਰਾਤਮਕ ਵਤੀਰਿਆਂ ਨੂੰ ਘਟਾ ਸਕਦੇ ਹਨ ਜੋ ਉਹ ਆਪਣੇ ਬੱਚੇ ਦੀ LGBTQ ਪਛਾਣ ਬਦਲਣ, ਨਕਾਰਨ ਜਾਂ ਘਟਾਉਣ ਲਈ ਪ੍ਰਯੋਗ ਕਰ ਰਹੇ ਹਨ; ਉਹਨਾਂ ਵਤੀਰਿਆਂ ਨੂੰ ਘਟਾਉਣ ਨਾਲ ਉਹਨਾਂ ਦੇ ਬੱਚੇ ਦੇ ਆਤਮਘਾਤ ਵਰਗੇ ਖ਼ਤਰੇ ਘੱਟ ਹੋਣਗੇ ਅਤੇ ਉਸਦਾ ਆਤਮ-ਸਨਮਾਨ ਅਤੇ ਚੰਗੇ ਭਵਿੱਖ ਲਈ ਆਸ਼ਾ ਵਧੇਗੀ| ਸੰਘਰਸ਼ ਕਰ ਰਹੇ ਮਾਪੇ ਉਹਨਾਂ ਸਕਾਰਾਤਮਕ ਵਤੀਰਿਆਂ ਨੂੰ ਅਪਣਾ ਸਕਦੇ ਹਨ ਜੋ FAP ਨੇ ਪਛਾਣੇ ਹਨ; ਇਹ ਕਰਨ ਨਾਲ ਉਹ ਆਪਣੇ ਬੱਚੇ ਨੂੰ ਦਰਸਾ ਸਕਦੇ ਹਨ ਕਿ ਉਹ ਉਸਨੂੰ ਪਿਆਰ ਕਰਦੇ ਹਨ ਅਤੇ ਉਸਦਾ ਸਮਰਥਨ ਕਰਦੇ ਹਨ ਅਤੇ ਉਹ ਆਪਣੇ ਬੱਚੇ ਦੇ ਸਿਹਤ ਸੰਬੰਧੀ ਖ਼ਤਰਿਆਂ ਨੂੰ ਘਟਾ ਸਕਦੇ ਹਨ|

**ਮੁਲਾਂਕਣ -** FAP ਮੁਲਾਂਕਣ ਕਰ ਰਹੀ ਹੈ ਕਿ ਪੋਸਟਰਾਂ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਨੂੰ ਵਰਤਣ ਵਾਲੇ ਨੌਜਵਾਨਾਂ, ਪਰਿਵਾਰਾਂ ਅਤੇ ਹੋਰਾਂ ਉੱਪਰ ਕੀ ਅਸਰ ਪੈਂਦਾ ਹੈ। ਜਦੋਂ ਕੋਈ ਪੋਸਟਰਾਂ ਨੂੰ ਡਾਉਨਲੋਡ ਕਰਦਾ ਹੈ ਤਾਂ FAP ਇਕ ਈਮੇਲ ਪਤੇ ਦੀ ਮੰਗ ਕਰਦੀ ਹੈ ਤਾਂਕਿ FAP ਉਹਨਾਂ ਨੂੰ ਇੱਕ ਛੋਟੇ ਆਨਲਾਈਨ ਸਰਵੇਖਣ ਅਤੇ ਫੋਨ ਇੰਟਰਵਿਊ ਵਿੱਚ ਹਿੱਸਾ ਲੈਣ ਲਈ ਅਨੁਰੋਧ ਕਰ ਸਕੇ, ਜਿਸ ਨਾਲ ਇਹ ਪਤਾ ਚੱਲ ਸਕੇ ਕਿ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਉੱਤੇ ਇਹਨਾਂ ਪੋਸਟਰਾਂ ਦਾ ਕੀ ਪ੍ਰਭਾਵ ਪਿਆ ਹੈ।

**ਪੋਸਟਰਾਂ ਨੂੰ ਕਿੱਥੋਂ ਪ੍ਰਾਪਤ ਕੀਤਾ ਜਾਵੇ -** ਹਰ ਕੋਈ ਇਹਨਾਂ ਪੋਸਟਰਾਂ ਦੇ ਕੈਮਰਾ-ਤਿਆਰ ਪ੍ਰਤਿਰੂਪਾਂ ਨੂੰ ਅਤੇ ਉਹਨਾਂ ਨੂੰ ਪ੍ਰਿੰਟ ਕਰਨ ਦੀ ਜਾਣਕਾਰੀ ਨੂੰ FAP ਦੀ ਵੈਬਸਾਈਟ ਤੋਂ ਡਾਉਨਲੋਡ ਕਰ ਸਕਦਾ ਹੈ ਅਤੇ ਪ੍ਰਿੰਟ ਕਰ ਸਕਦਾ ਹੈ | ਵੈਬਸਾਈਟ ਤੇ ਇਹਨਾਂ ਪੋਸਟਰਾਂ ਦਾ ਵਰਨਣ ਕਰਨ ਵਾਲਾ ਇਹ ਮਾਰਗਦਰਸ਼ਕ ਪੋਸਟਰ ਵੀ ਉਪਲਬਧ ਹੈ ਜੋ ਪੋਸਟਰਾਂ ਨੂੰ ਪ੍ਰਯੋਗ ਕਰਨ ਦੇ ਸੁਝਾਅ ਦਿੰਦਾ ਹੈ।

**ਭਾਸ਼ਾਵਾਂ -** ਇਹ ਪੋਸਟਰ ਇਸ ਸਮੇਂ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾ ਵਿਚ ਉਪਲਬਧ ਹਨ। ਜਿਵੇਂ ਹੀ ਹੋਰ ਫੰਡ ਇਕੱਤਰ ਹੁੰਦੇ ਹਨ, ਹੋਰ ਭਾਸ਼ਾਵਾਂ ਨੂੰ ਸ਼ਾਮਲ ਕੀਤਾ ਜਾਵੇਗਾ।

**ਪੋਸਟਰਾਂ ਦਾ ਆਕਾਰ -** FAP ਦੇ ਪੋਸਟਰ ਦਾ ਬੁਨਿਆਦੀ ਆਕਾਰ 24" x 36" ਹੈ ਤਾਂ ਜੋ ਇਨ੍ਹਾਂ ਨੂੰ ਇੰਤਜ਼ਾਰ ਕਮਰੇ, ਹਾਲਵੇਅ, ਕਲੀਨਿਕਲ ਨਿਰੀਖਣ ਕਮਰੇ, ਲਾਈਬ੍ਰੇਰੀ ਅਤੇ ਸਿਖਲਾਈ ਵਾਲੀ ਥਾਂ 'ਤੇ ਆਸਾਨੀ ਨਾਲ ਦੇਖਿਆ ਜਾ ਸਕੇ। ਪ੍ਰਿੰਟ ਦੇ ਹੋਰ ਆਕਾਰਾਂ ਵਿਚ ਸ਼ਾਮਲ ਹੈ: 18" x 24," 11" x 17," ਅਤੇ 8.5" x 11" ਫ੍ਰਿੱਜ ਉੱਪਰ ਟੰਗਣ ਲਈ, ਘਰੇਲੂ ਵਰਤੋਂ ਅਤੇ ਗਤੀਵਿਧੀਆਂ ਅਤੇ ਸਮਾਗਮਾਂ ਵਿਖੇ ਹੈਂਡਆਊਟ ਵੱਜੋਂ ਵਰਤਣ ਲਈ।

**ਪੋਸਟਰਾਂ ਨੂੰ ਵਰਤਣਾ -** ਪੋਸਟਰਾਂ ਨੂੰ ਕਿਤੇ ਵੀ ਵਰਤੇ ਜਾਣ ਦੇ ਮਕਸਦ ਲਈ ਤਿਆਰ ਕੀਤਾ ਗਿਆ ਹੈ। ਇਨ੍ਹਾਂ ਵਿਚ ਸ਼ਾਮਲ ਹੈ: ਕਲੀਨਿਕ; ਸਕੂਲ; ਪਰਿਵਾਰਾਂ ਲਈ ਸੇਵਾਂ ਵਾਲੀਆਂ ਏਜੰਸੀਆਂ; ਪ੍ਰਾਇਮਰੀ ਕੇਅਰ ਅਤੇ ਵਿਹਾਰਾਤਮਕ ਸਿਹਤ ਦੀਆਂ ਸੇਵਾਵਾਂ; ਰੋਕਥਾਮਕਾਰੀ ਪ੍ਰੋਗ੍ਰਾਮ; ਬਾਲ ਉਤਪੀੜਨ ਸਬੰਧਤ ਪ੍ਰੋਗ੍ਰਾਮ; ਆਤਮਘਾਤ ਰੋਕਥਾਮਕਾਰੀ ਸੇਵਾਵਾਂ; ਸ਼ੁਰੂਆਤੀ ਬਾਲਪਨ ਦੇ ਪ੍ਰੋਗ੍ਰਾਮ; ਬੱਚਿਆਂ ਦੀ ਭਲਾਈ, ਕਿਸ਼ੋਰਾਂ ਲਈ ਨਿਆਂ, ਬੇਘਰਪੁਣੇ, ਰਿਹਾਇਸ਼ੀ ਅਤੇ ਹੋਰ ਘਰ ਤੋਂ ਬਾਹਰ ਦੀਆਂ ਸੇਵਾਵਾਂ ਵਾਲੇ ਪ੍ਰੋਗ੍ਰਾਮ; ਕਾਲਜ ਕਾਊਂਸਲਿੰਗ ਸੈਂਟਰ; ਕਮਿਊਨਿਟੀ ਸੈਂਟਰ; ਮਨਪ੍ਰਚਾਵੇ ਦੇ ਸੈਂਟਰ; ਲਾਇਬ੍ਰੇਰੀਆਂ ਅਤੇ ਧਾਰਮਿਕ ਇਕੱਠ।

- **ਸਕੂਲ -** ਸਕੂਲ ਪ੍ਰਦਾਤਾ ਸੇਵਾਵਾਂ (ਕਾਊਂਸਲਰ, ਮਾਪਿਆਂ ਦੇ ਐਡਵੋਕੇਟ, ਮਨੋਚਿਕਿਤਸਕ, ਨਰਸਾਂ, ਸੋਸ਼ਲ ਵਰਕਰ); ਸਕੂਲ ਹੈਲਥ ਕਲੀਨਿਕ; ਸਕੂਲੀ ਸਾਲ ਦੀ ਸ਼ੁਰੂਆਤ ਦੇ ਪ੍ਰੋਗ੍ਰਾਮ ਅਤੇ ਸਿਹਤ ਮੇਲਿਆਂ 'ਤੇ LGBTQ ਸੰਸਾਧਨਾਂ ਸਮੇਤ ਪੇਰੈਂਟ ਟੇਬਲ 'ਤੇ; ਹਾਲਵੇਅ; ਲਾਕਰ ਰੂਮ ਵਿਚ ਵਰਤੋਂ ਲਈ; ਵਿਭਿੰਨਤਾ ਵਾਲੇ ਕਲੱਬਾਂ ਅਤੇ ਜੀ ਐਸ ਏ (GSA) ਵਿਚ ਵਰਤੋਂ ਲਈ
- **ਕਲੀਨਿਕਲ ਸੇਵਾਵਾਂ -** ਨਿਰੀਖਣ ਅਤੇ ਇਲਾਜ ਵਾਲੇ ਕਮਰੇ; ਇੰਤਜ਼ਾਰ ਕਮਰੇ; ਮੁਲਾਂਕਣ, LGBTQ ਵਾਲੇ ਨੌਜਵਾਨ ਲੋਕਾਂ ਅਤੇ ਪਰਿਵਾਰਾਂ ਕਾਊਂਸਲਿੰਗ ਅਤੇ ਮਨੋਸਿੱਖਿਆ; ਘਰੇਲੂ ਮੁਲਾਕਾਤ, ਪਰਿਵਾਰਕ ਥੈਰੇਪੀ; ਬੱਚਿਆ ਅਤੇ ਨੌਜਵਾਨਾਂ ਨੂੰ ਦੱਸਣਾ ਕਿ ਸਵੀਕ੍ਰਿਤੀ ਅਤੇ ਅਸਵੀਕ੍ਰਿਤੀ ਕਿਸ ਤਰ੍ਹਾਂ ਦੀ ਹੁੰਦੀ ਹੈ ਅਤੇ ਕਿਸ ਤਰ੍ਹਾਂ ਮਹਿਸੂਸ ਹੁੰਦੀ ਹੈ; ਪਰਿਵਾਰ ਦੀਆਂ ਪ੍ਰਤੀਕ੍ਰਿਆਵਾਂ ਅਤੇ ਇਨ੍ਹਾਂ ਵਿਹਾਰਾਂ ਦੇ LGBTQ ਬੱਚਿਆਂ ਅਤੇ ਨੌਜਵਾਨਾਂ ਉੱਪਰ ਪੈਣ ਵਾਲੇ ਪ੍ਰਭਾਵ ਦੇ ਮੁਲਾਂਕਣ ਵਿਚ ਵਰਤੋਂ ਲਈ; ਸਕੂਲ-ਅਧਾਰਤ ਸੇਵਾਵਾਂ ਅਤੇ ਕਾਲਜ ਕਾਊਂਸਲਿੰਗ ਕੇਂਦਰਾਂ ਵਿਚ
- **ਨਿੱਜੀ ਅਤੇ ਘਰੇਲੂ ਵਰਤੋਂ -** ਘਰ ਵਿਚ ਵਰਤੋਂ ਲਈ ਉਨ੍ਹਾਂ ਨੂੰ ਨੌਜਵਾਨਾਂ ਅਤੇ ਪਰਿਵਾਰਾਂ ਨੂੰ ਦਿਓ; ਪਰਿਵਾਰ ਦੀ ਤਰੱਕੀ ਦੀ ਸਮੀਖਿਆ ਅਤੇ ਨਿਯਮਤ ਮੁਲਾਂਕਣ ਅਤੇ ਬਦਲਾਵ ਲਈ ਪਰਿਵਾਰਕ ਥਾਵਾਂ 'ਤੇ ਟੰਗੋ ਅਤੇ ਇਸ ਬਾਰੇ ਗੱਲ ਕਰੋ ਕਿ ਇਹ ਵਿਹਾਰ ਕਿਸ ਤਰ੍ਹਾਂ ਸੰਚਾਰ, ਜੁੜਾਵ, ਅਤੇ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦੇ ਹਨ; ਸੰਗ ਸਾਕ ਅਤੇ ਸਭਿਆਚਾਰ ਦੇ ਆਗੂਆਂ ਨੂੰ ਦਿਓ
- **ਸਭਾਵਾਂ ਅਤੇ ਧਾਰਮਿਕ ਸਮੂਹ -** ਸਿੱਖਿਆ ਪ੍ਰਦਾਨ ਕਰਨ ਵਾਲੇ ਸਥਾਨਾਂ ਅਤੇ ਸਮਾਗਮਾਂ ਵਿਚ ਵਰਤੋ; ਧਾਰਮਕ ਆਗੂਆਂ, ਪੈਸਟੋਰਲ ਦੇਖਭਾਲ ਦੇ ਪ੍ਰਦਾਤਾਵਾਂ ਅਤੇ ਧਾਰਮਕ ਇਕੱਠ ਦੇ ਮੈਂਬਰਾਂ ਨਾਲ ਸਾਂਝਾ ਕਰੋ
- **ਭਾਈਚਾਰਕ ਸਮਾਗਮ -** ਸਮਾਗਮਾਂ ਅਤੇ ਕਾਨਫਰੰਸਾਂ ਵਿਚ ਹੈਂਡਆਊਟ ਵੱਜੋਂ ਵਰਤੋ ਅਤੇ ਜਨਤਕ ਥਾਵਾਂ 'ਤੇ ਸਾਂਝਾ ਕਰੋ
- **ਸਿਖਲਾਈ -** ਸਾਰੇ ਹਾਲਾਤਾਂ ਜਿਨ੍ਹਾਂ ਵਿਚ ਪੇਸ਼ੇਵਰ ਸਿਖਲਾਈ ਅਤੇ ਵਿਦਿਆਰਥੀ ਟ੍ਰੇਨੀ ਸ਼ਾਮਲ ਹਨ, ਸਮੇਤ ਏਜੰਸੀ ਸਟਾਫ਼, ਪਰਿਵਾਰਾਂ, ਦੇਖਭਾਲਕਰਤਾਵਾਂ ਅਤੇ ਪ੍ਰਦਾਤਾਵਾਂ, ਨਿਰੰਤਰ ਸਿੱਖਿਆ ਅਤੇ ਮਾਪਿਆਂ ਅਤੇ ਨੌਜਵਾਨਾਂ ਦੇ ਐਡਵੋਕੇਟਾਂ ਨਾਲ ਵਰਤੋ

**ਜਾਣਕਾਰੀ ਅਤੇ ਫਾਲੋ-ਅੱਪ -** ਜੇ ਤੁਸੀਂ ਕਿਸੇ ਹੋਰ ਤੋਂ ਪੋਸਟਰ ਪ੍ਰਾਪਤ ਕੀਤਾ ਹੈ, ਅਤੇ ਇਸ ਬਾਰੇ ਸਾਡੀ ਸਮਝ ਵਿਚ ਮਦਦ ਲਈ ਸਾਡੇ ਮੁਲਾਂਕਣ ਵਿਚ ਭਾਗ ਲੈਣਾ ਚਾਹੁੰਦੇ ਹੋ ਕਿ ਪੋਸਟਰਾਂ ਨੂੰ ਕਿਸ ਤਰ੍ਹਾਂ ਵਰਤਿਆ ਜਾਂਦਾ ਹੈ ਅਤੇ ਇਨ੍ਹਾਂ ਦਾ LGBTQ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰ ਉੱਪਰ ਕੀ ਪ੍ਰਭਾਵ ਹੈ - ਜਾਂ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨਾਲ ਇੱਥੇ ਸੰਪਰਕ ਕਰੋ : fap@sfsu.edu

# FAMILY ACCEPTANCE PROJECT®

**Family Acceptance Project®** (ਪਰਿਵਾਰਕ ਸਵੀਕ੍ਰਿਤੀ ਪ੍ਰੋਜੈਕਟ) San Francisco State University ਵਿਖੇ ਇਕ ਖੋਜ, ਸਿੱਖਿਆ, ਦਖਲਅੰਦਾਜ਼ੀ (ਇੰਟਰਵੇਂਸ਼ਨ), ਅਤੇ ਨੀਤੀ ਦਾ ਪ੍ਰੋਜੈਕਟ ਹੈ ਜੋ ਵਿਵਿਧ ਪਰਿਵਾਰਾਂ ਨੂੰ ਇਹ ਸਿਖਾਉਂਦਾ ਹੈ ਕਿ ਉਹ ਆਪਣੇ ਪਰਿਵਾਰਕ, ਸਭਿਆਚਾਰਕ ਅਤੇ ਧਾਰਮਕ ਭਾਈਚਾਰਿਆਂ ਦੇ ਸੰਦਰਭ ਵਿੱਚ ਆਪਣੇ LGBTQ ਬੱਚੇ ਦਾ ਕਿਵੇਂ ਸਮਰਥਨ ਕਰ ਸਕਦੇ ਹਨ| FAP ਨੂੰ ਕਰੀਬ 20 ਸਾਲ ਪਹਿਲਾਂ ਸ਼ੁਰੂ ਕੀਤਾ ਗਿਆ ਸੀ: LGBTQ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਉੱਤੇ ਵਿਸਤਾਰ ਵਿੱਚ ਸ਼ੋਧ ਕਰਨ ਲਈ ਅਤੇ ਸਭ ਤੋਂ ਪਹਿਲਾ ਪ੍ਰਮਾਣ ਅਧਾਰਿਤ ਪਰਿਵਾਰਕ ਸਮਰਥਨ ਮਾਡਲ ਬਣਾਉਣ ਲਈ ਜੋ ਦੇਖਭਾਲ ਦੇ ਸਿਸਟਮਾਂ ਅਤੇ ਪਾਰ-ਅਭਿਆਸ ਖੇਤਰਾਂ ਦੀ ਪ੍ਰਣਾਲੀ ਵਿਚ ਜੋੜਿਆ ਜਾ ਸਕੇ| ਇਸ ਵਿਚ ਵਿਹਾਰਾਤਮਕ ਸਿਹਤ, ਪ੍ਰਾਇਮਰੀ ਦੇਖਭਾਲ, ਸਕੂਲ ਅਧਾਰਤ ਸੇਵਾਵਾਂ, ਘਰ ਤੋਂ ਬਾਹਰ ਵਾਲੀ ਅਤੇ ਰਿਹਾਇਸ਼ੀ ਦੇਖਭਾਲ, ਨੌਜਵਾਨ ਅਤੇ ਪਰਿਵਾਰਕ ਸੇਵਾਵਾਂ ਅਤੇ ਪੈਸਟੋਰਲ ਦੇਖਭਾਲ ਸ਼ਾਮਲ ਹੈ ਤਾਂ ਜੋ LGBTQ ਬੱਚਿਆਂ ਅਤੇ ਨੌਜਵਾਨਾਂ ਲਈ ਜ਼ੋਖਮ ਨੂੰ ਘਟਾਇਆ ਜਾ ਸਕੇ ਅਤੇ ਸਕਾਰਾਤਮਕ ਵਿਕਾਸ ਦਾ ਸਮਰਥਨ ਕੀਤਾ ਜਾ ਸਕੇ।

FAP ਦੇ ਪਰਿਵਾਰਕ ਸਹਾਇਤਾ ਮਾਡਲ ਨੂੰ ਵਿਹਾਰਾਤਮਕ ਸਿਹਤ, ਪਰਿਵਾਰਕ ਸੰਰਖਣ ਅਤੇ ਫੋਸਟਰ ਦੇਖਭਾਲ, ਵਿਸ਼ਵਾਸ਼-ਅਧਾਰਤ ਮਾਨਸਿਕ ਸਿਹਤ ਅਤੇ ਹੋਰ ਸੇਵਾਵਾਂ ਦੇ ਨਾਲ ਜੋੜਿਆ ਜਾ ਰਿਹਾ ਹੈ। FAP ਦੇ ਦਾਖਲਾਕਾਰੀ ਫ੍ਰੇਮਵਰਕ ਨੂੰ ਟਰੌਮਾ-ਅਧਾਰਤ ਮਾਨਸਿਕ ਵਿਹਾਰਾਤਮਕ ਥੈਰੇਪੀ (TF-CBT) ਵਿਚ ਲਾਗੂ ਕੀਤਾ ਜਾ ਰਿਹਾ ਹੈ।

FAP, LGBTQ ਬੱਚਿਆਂ, ਨੌਜਵਾਨਾਂ ਅਤੇ ਜਵਾਨ ਬਾਲਗਾਂ ਨੂੰ ਪਰਿਵਾਰ-ਅਧਾਰਤ ਸਿਖਲਾਈ ਪ੍ਰਦਾਨ ਕਰਦਾ ਹੈ ਅਤੇ ਏਜੰਸੀਆਂ ਨੂੰ FAP ਦੇ ਦਾਖਲਾਕਾਰੀ ਫ੍ਰੇਮਵਰਕ ਨੂੰ ਉਨ੍ਹਾਂ ਦੇ ਪ੍ਰੋਗ੍ਰਾਮਾਂ ਵਿਚ ਸ਼ਾਮਲ ਕਰਨ ਵਿਚ ਮਦਦ ਕਰਦਾ ਹੈ।

Caitlin Ryan, PhD, ACSW
Director, Family Acceptance Project®
fap@sfsu.edu
ਦੇਸੀ ਰੇਨਬੋ ਪੇਰੈਂਟਸ & ਐਲਾਈਜ਼ (desirainbow.org)

https://familyproject.sfsu.edu/